بِسْمِ اللّٰهِ الرَّحْمٰنِ الرَّحِيْمِ نَحْمَدُهٗ وَ نُصَلِّي عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْد
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜਲਸਾ ਸਲਾਨਾ ਵਿੱਚ ਸੇਵਾ ਕਰਨ ਵਾਲਿਆਂ ਅਤੇ ਮਹਿਮਾਨਾਂ ਨੂੰ ਨਸੀਹਤਾਂ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 26 ਜੁਲਾਈ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ

ਰੱਬ ਦੀ ਅਪਾਰ ਕਿਰਪਾ ਨਾਲ ਅੱਜ ਜਲਸਾ ਸਲਾਨਾ ਬਰਤਾਨੀਆ ਸ਼ੁਰੂ ਹੋ ਰਿਹਾ ਹੈ ਅਤੇ ਹਜ਼ਾਰਾਂ ਲੋਕ ਇੱਥੇ ਦੀਨੀ ਅਤੇ ਰੂਹਾਨੀ ਮਾਹੌਲ ਤੋਂ ਲਾਭ ਚੁੱਕਣ ਲਈ ਆਏ ਹਨ। ਇਨ੍ਹਾਂ ਦਿਨਾਂ ਵਿੱਚ ਇੱਥੇ ਹਦੀਕਤੁਲ ਮਹਦੀ ਵਿੱਚ ਇੱਕ ਆਸਥਾਈ ਸ਼ਹਿਰ ਬਣਾਇਆ ਗਿਆ ਹੈ ਤਾਂ ਕਿ ਇਸ ਮਾਹੌਲ ਵਿੱਚ ਰਹਿ ਕੇ ਅਸੀਂ ਸੰਸਾਰਿਕ ਕੰਮਾਂ ਕਾਰਾਂ ਤੋਂ ਵੱਖ ਹੋ ਕੇ ਆਪਣੀ ਰੂਹਾਨੀ, ਅਧਿਆਤਮਿਕ ਹਾਲਤਾਂ ਨੂੰ ਚੰਗਾ ਕਰਨ ਦੀ ਕੋਸ਼ਿਸ਼ ਕਰੀਏ। ਸੋ, ਅਜਿਹੇ ਹਾਲਾਤਾਂ ਵਿੱਚ ਆਉਣ ਵਾਲਿਆਂ ਨੂੰ ਕਿਸੇ ਵੀ ਕਿਸਮ ਦੀ ਆਸਾਨੀ ਪ੍ਰਾਪਤ ਹੋਣ ਤੋਂ ਵੱਧ ਇਸ ਗੱਲ੍ਹ ਦੀ ਚਿੰਤਾ ਹੋਣੀ ਚਾਹੀਦੀ ਹੈ ਕਿ ਕਿਵੇਂ ਅਸੀਂ ਇਸ ਮਾਹੌਲ ਤੋਂ ਵੱਧ ਤੋਂ ਵੱਧ ਲਾਭ ਚੁੱਕ ਸਕਦੇ ਹਾਂ। ਪਰ ਹਰ ਹਾਲ ਵਿੱਚ ਮਨੁੱਖ ਦੇ ਨਾਲ ਮਨੁੱਖੀ ਲੋੜਾਂ ਅਤੇ ਜ਼ਰੂਰਤਾਂ ਵੀ ਲੱਗਿਆ ਹੋਇਆ ਹਨ। ਇਸ ਲਈ ਪ੍ਰਬੰਧਕ ਆਉਣ ਵਾਲਿਆਂ ਨੂੰ ਹਰ ਸੰਭਵ ਆਰਾਮ ਪਹੁੰਚਾਉਣ ਲਈ ਕੋਸ਼ਿਸ਼ ਕਰਦੇ ਰਹਿੰਦੇ ਹਨ ਅਤੇ ਇਸ ਉਦੇਸ਼ ਲਈ ਵੱਖੋ ਵੱਖ ਵਿਭਾਗ ਜਲਸਾ ਸਲਾਨਾ ਦੇ ਦਿਨਾਂ ਵਿੱਚ ਸਥਾਪਿਤ ਕੀਤੇ ਜਾਂਦੇ ਹਨ। ਹਜ਼ਾਰਾਂ ਸੇਵਾਦਾਰ ਸੇਵਾ ਭਾਵਨਾ ਨਾਲ ਆਪਣੀ ਸੇਵਾਵਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾਂ ਦੀ ਸੇਵਾ ਲਈ ਪੇਸ਼ ਕਰਦੇ ਹਨ।

ਇਸ ਸੰਬੰਧੀ ਪਹਿਲਾਂ ਤਾਂ ਮੈਂ ਸਾਰੇ ਸੇਵਾਦਾਰਾਂ ਨੂੰ ਇਸ ਗੱਲ੍ਹ ਵੱਲ੍ਹ ਧਿਆਨ ਦੁਆਉਣ ਚਾਹੁਣਾ ਕਿ ਉਹ ਆਪਣੀ ਡਿਯੂਟੀਆਂ ਸੁਚਾਰੂ ਢੰਗ ਨਾਲ ਸੰਪੂਰਨ ਕਰਨ ਦੀ ਕੋਸ਼ਿਸ਼ ਕਰਨ। ਜਲਸੇ ਦੇ ਮਹਿਮਾਨਾਂ ਨੂੰ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨ ਸਮਝ ਕੇ ਸੇਵਾ ਕਰਨ। ਮਹਿਮਾਨਾਂ ਵਲੋਂ, ਆਪ ਦੇ ਖਿਆਲ ਵਿੱਚ, ਜੇਕਰ ਕੋਈ ਵਧੀਕੀ ਵੀ ਹੋ ਜਾਂਦੀ ਹੈ ਤਾਂ ਉਸ ਵੱਲ੍ਹ ਧਿਆਨ ਨ ਦੇਣ। ਰੱਬ ਦੀ ਮਿਹਰ ਨਾਲ ਹਰ ਦੇਸ਼ ਵਿੱਚ ਮਹਿਮਾਨਾਂ ਦੀ ਸੇਵਾ ਅਤੇ ਉੱਚਤਮ ਆਚਰਣ ਦਾ

ਪ੍ਰਕਟਾਵਾ ਜਮਾਤ ਅਹਮਦੀਆ ਦੀ ਇੱਕ ਖਾਸ ਖੂਬੀ ਬਣ ਗਈ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਸਨ ਕਿ ਮਹਿਮਾਨ ਦਾ ਦਿਲ ਤਾਂ ਸ਼ੀਸ਼ੇ ਵਰਗਾ ਹੁੰਦਾ ਹੈ । ਜਜ਼ਬਾਤੀ ਹੁੰਦੇ ਹਨ । ਉਹਨਾਂ ਦਾ ਖਿਆਲ ਰੱਖਣਾ ਚਾਹੀਦਾ ਹੈ । ਇੱਥੇ ਆਉਣ ਵਾਲੇ ਅਕਸਰ ਅਹਮਦੀ ਤਾਂ ਇਹ ਗੱਲ੍ਹ ਚੰਗੀ ਤਰ੍ਹਾਂ ਸਮਝ ਕੇ ਆਉਂਦੇ ਹਨ ਕਿ ਤਕਲੀਫਾਂ ਅਤੇ ਬੇਆਰਾਮੀ ਬਰਦਾਸ਼ਤ ਕਰਨੀ ਪਏਗੀ । ਕੁੱਝ ਮਹਿਮਾਨ ਜੋ ਹਾਲੇ ਜਮਾਤ ਵਿੱਚ ਸ਼ਾਮਿਲ ਨਹੀਂ ਹੋਏ । ਉਹਨਾਂ ਦਾ ਹਰ ਹਾਲ ਵਿੱਚ ਖਾਸ ਖਿਆਲ ਰੱਖਣਾ ਪੈਂਦਾ ਹੈ । ਸਾਰੇ ਵਿਭਾਗਾਂ ਨੂੰ ਭਾਵੇਂ ਟਰੈਫਿਕ ਹੈ, ਪਾਰਕਿੰਗ ਦੀ ਡਿਯੂਟੀ ਹੈ, ਲੰਗਰ ਦੀ ਸੇਵਾ ਕਰਨ ਵਾਲੇ ਹਨ । ਅਰਥਾਤ ਕਿਸੇ ਵੀ ਵਿਭਾਗ ਵਿੱਚ ਸੇਵਾ ਕਰਨ ਵਾਲੇ ਹਨ । ਕੋਸ਼ਿਸ਼ ਕਰਨ ਕਿ ਜਿੱਥੇ ਤੱਕ ਹੋ ਸਕਦਾ ਹੈ ਮਹਿਮਾਨ ਦੀ ਆਸਾਨੀ ਦਾ ਪ੍ਰਬੰਧ ਕਰਨ ਅਤੇ ਉਸ ਨੂੰ ਕਿਸੇ ਕਿਸਮ ਦੀ ਤਕਲੀਫ ਨ ਪਹੁੰਚੇ ।

ਮਹਿਮਾਨਾਂ ਨੂੰ ਮੈਂ ਕਹਿਣਾ ਚਾਹੁਣਾ ਹਾਂ ਕਿ ਆਪ ਲੋਕ ਇੱਕ ਨੇਕ ਉਦੇਸ਼ ਲਈ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨ ਬਣ ਕੇ ਇੱਥੇ ਆਏ ਹੋ । ਸੰਸਾਰਿਕ ਮਾਣ ਅਤੇ ਸੰਸਾਰਿਕ ਸੇਵਾ ਦੀ ਥਾਂ ਉਹਨਾਂ ਉੱਚਤਮ ਆਚਰਣ ਵਿੱਚ ਹੋਰ ਤਰੱਕੀ ਕਰਨ ਨੂੰ ਆਪਣੇ ਸਾਮ੍ਹਣੇ ਰੱਖੋ, ਜੋ ਇੱਕ ਹਕੀਕੀ ਮੁਸਲਮਾਨ ਦੀ ਸ਼ਾਨ ਹੈ । ਰੱਬ ਲਈ ਸਫ਼ਰ ਕਰਨ ਵਾਲਿਆਂ ਨੂੰ ਸੰਸਾਰਿਕ ਆਰਾਮਾਂ ਵੱਲ੍ਹ ਬਹੁਤ ਘੱਟ ਧਿਆਨ ਹੁੰਦਾ ਹੈ । ਕਈ ਵਾਰ ਪ੍ਰਬੰਧਾਂ ਵਿੱਚ ਕਮਜ਼ੋਰੀ ਨਜ਼ਰ ਆਉਂਦੀ ਹੈ । ਪਰ ਉਹਨਾਂ ਵੱਲ੍ਹ ਧਿਆਨ ਨਹੀਂ ਦੇਣਾ ਚਾਹੀਦਾ । ਜੇਕਰ ਹਰ ਆਉਣ ਵਾਲੇ ਅਹਮਦੀ ਮੁਸਲਮਾਨ ਦੇ ਦਿਲ ਵਿੱਚ ਇਹ ਖਿਆਲ ਹੋਵੇ ਕਿ ਸਾਡਾ ਉਦੇਸ਼ ਰੂਹਾਨੀ ਲਾਭ ਚੁੱਕਣਾ ਹੈ ਤਾਂ ਸਾਰੇ ਪ੍ਰੇਮ ਅਤੇ ਪਿਆਰ ਨਾਲ ਇਹ ਦਿਨ ਲੰਘਾਉਣਗੇ ।

ਪ੍ਰਬੰਧਕਾਂ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਆਉਣ ਵਾਲੇ ਸਾਰੇ ਮਹਿਮਾਨਾਂ ਦੇ ਨਾਲ ਇੱਕੋ ਜਿਹਾ ਸਲੂਕ ਕੀਤਾ ਜਾਵੇ । ਪਰ ਫਿਰ ਵੀ ਕਈ ਵਾਰ ਘਾਟਾ ਵਾਧਾ ਹੋ ਜਾਂਦਾ ਹੈ ਤਾਂ ਉਸ ਵੱਲ੍ਹ ਮਹਿਮਾਨਾਂ ਨੂੰ ਧਿਆਨ ਨਹੀਂ ਦੇਣਾ ਚਾਹੀਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮਹਿਮਾਨਾਂ ਦਾ ਬਹੁਤ ਮਾਣ ਸਤਿਕਾਰ ਕਰਦੇ ਸਨ । ਪਰ ਮਹਿਮਾਨਾਂ ਨੂੰ ਇਹ ਵੀ ਕਹਿੰਦੇ ਸਨ ਕਿ ਆਪਣੀ ਲੋੜਾਂ ਦੱਸ ਦਿਆ ਕਰੋ ਪਰ ਇਹ ਆਮ ਹਾਲਾਤਾਂ ਦੀ ਗੱਲ੍ਹ ਹੈ । ਜਲਸੇ ਦੇ ਮਹਿਮਾਨਾਂ ਨੂੰ ਆਪ ਅਲੈਹਿ ਸਲਾਮ ਫ਼ਰਮਾਉਂਦੇ ਸਨ ਕਿ ਇੱਕ ਹੀ ਪ੍ਰਬੰਧ ਹੋਵੇ । ਹਰ ਮਹਿਮਾਨ ਦੀ ਇੰਝ ਸੇਵਾ ਕੀਤੀ ਜਾਵੇ । ਜੋ ਇੱਕ ਪ੍ਰਬੰਧ ਦੇ ਹੇਠਾਂ ਹੋਵੇ ।

ਆਪ ਅਲੈਹਿ ਸਲਾਮ ਮਹਿਮਾਨਾਂ ਦੇ ਦਿਲ ਵਿੱਚ ਇਹ ਗੱਲ੍ਹ ਪਾਉਂਦੇ ਸਨ ਕਿ ਤੁਹਾਡੇ ਇੱਥੇ ਆਉਣ ਦਾ ਅਸਲ ਉਦੇਸ਼ ਦੀਨ ਸਿੱਖਣਾ ਅਤੇ ਆਪਣੇ ਦਿਲ ਤੇ ਦਿਮਾਗ ਨੂੰ ਪਾਕ ਕਰਨਾ, ਰੱਬ ਦੀ ਨੇੜਤਾ ਪ੍ਰਾਪਤ ਕਰਨ ਦੀਆਂ ਮੰਜ਼ਿਲਾਂ ਨੂੰ ਤੈਅ ਕਰਨ ਦੀ ਕੋਸ਼ਿਸ਼ ਕਰਨਾ ਹੈ । ਸੋ, ਇਹੀ ਉਦੇਸ਼ ਹੈ

ਜਿਸ ਲਈ ਆਪ ਸਭ ਹਰ ਸਾਲ ਇੱਥੇ ਜਮਾਂ ਹੁੰਦੇ ਹੋ। ਪੰਡਾਲ ਵਿੱਚ ਬਹਿ ਕੇ ਜਲਸੇ ਦੇ ਪ੍ਰੋਗਰਾਮ ਅਤੇ ਭਾਸ਼ਣਾ ਨੂੰ ਧਿਆਨ ਨਾਲ ਸੁਣਨ ਅਤੇ ਉਸ ਤੋਂ ਲਾਭ ਚੁੱਕਣ ਦੀ ਕੋਸ਼ਿਸ਼ ਕਰੋ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਰੱਬ ਨੇ ਆਪਣੀ ਮਿਹਰ ਨਾਲ ਉਹ ਜਮਾਤ ਦਿੱਤੀ ਹੈ। ਜਿਸ ਨੇ ਦੇਸ਼ਾਂ ਅਤੇ ਕੌਮਾਂ ਦੀਆਂ ਸਰਹੱਦਾਂ ਅਤੇ ਫਿਰਕੇ ਖਤਮ ਕਰ ਦਿੱਤੇ ਹਨ ਅਤੇ ਇੱਕ ਵੱਡਮੁਲ੍ਹੇ ਭਾਈਚਾਰੇ ਦੀ ਨੀਂਹ ਪੈ ਚੁੱਕੀ ਹੈ। ਆਪ ਅਲੈਹਿ ਸਲਾਮ ਨੇ ਜਲਸੇ ਦਾ ਇੱਕ ਉਦੇਸ਼ ਇਹ ਵੀ ਬਿਆਨ ਕੀਤਾ ਹੈ ਕਿ ਜਮਾਤ ਦੇ ਭਾਈਚਾਰੇ ਦੇ ਸੰਬੰਧ ਮਜ਼ਬੂਤ ਹੋਣ। ਇਸ ਦੇ ਲਈ ਇੱਕ ਦੂਜੇ ਨੂੰ ਮਿਲਦੇ ਹਨ ਪਰ ਮੋਮਿਨ ਲਈ ਆਪਣੇ ਸਮੇਂ ਦੀ ਸਹੀ ਵਰਤੋਂ ਬਹੁਤ ਜ਼ਰੂਰੀ ਹੈ। ਇਸ ਲਈ ਜਲਸੇ ਦੇ ਸਾਰੇ ਦਿਨ ਦੇ ਪ੍ਰੋਗਰਾਮਾਂ ਦੇ ਬਾਦ ਜੋ ਮੌਕਾ ਮਿਲੇ। ਉਸ ਵਿੱਚ ਮਿਲ ਕੇ ਬਹਿ ਜਾਣ ਅਤੇ ਵਿਚਾਰ ਵਟਾਂਦਰਾ ਕਰਨ ਅਤੇ ਸੰਬੰਧ ਵਧਾਉਣ। ਪਰ ਇਸ ਵਿੱਚ ਇੰਨ੍ਹੇ ਵਿਅਸਤ ਨਹੀਂ ਹੋਣਾ ਕਿ ਸਮਾਂ ਖਰਾਬ ਹੋਵੇ।

ਜੱਦ ਵੱਡੀ ਗਿਣਤੀ ਵਿੱਚ ਲੋਕ ਜਮਾਂ ਹੋਣ ਤਾਂ ਕਈ ਵਾਰ ਨਾਰਾਜ਼ਗੀ ਵੀ ਹੋ ਜਾਂਦੀ ਹੈ। ਯਾਦ ਰੱਖੋ ਕਿ ਹਕੀਕੀ ਮੋਮਿਨ ਗੁੱਸੇ ਨੂੰ ਦਬਾਉਣ ਵਾਲੇ ਹੁੰਦੇ ਹਨ। ਸੋ, ਜਲਸੇ ਦੇ ਮਾਹੌਲ ਦੀ ਪਵਿੱਤਰਤਾ ਨੂੰ ਸਾਮ੍ਹਣੇ ਰੱਖੋ ਅਤੇ ਇੱਕ ਦੂਜੇ ਦੀਆਂ ਗਲਤੀਆਂ ਵੱਲ੍ਹ ਧਿਆਨ ਨ ਦਿਓ। ਜੇਕਰ ਕਿਸੇ ਸੇਵਾਦਾਰ ਤੋਂ ਗਲਤੀ ਹੋ ਜਾਵੇ ਤਾਂ ਵੀ ਬੁਰਾ ਮਨਾਉਣ ਦੀ ਥਾਂ ਹੌਂਸਲਾ ਵਿਖਾਉਣਾ ਚਾਹੀਦਾ ਹੈ ਅਤੇ ਸਬਰ ਨਾਲ, ਮੁਆਫ਼ ਕਰ ਦੇਣਾ ਚਾਹੀਦਾ ਹੈ। ਜੇਕਰ ਹੌਂਸਲਾ ਪੈਦਾ ਹੋ ਜਾਵੇ ਤਾਂ ਸਾਰੇ ਝਗੜੇ ਅਤੇ ਨਾਰਾਜ਼ਗੀਆਂ ਖਤਮ ਹੋ ਜਾਣਗੀਆਂ। ਸੋ, ਮਹਿਮਾਨ ਅਤੇ ਡਿਯੂਟੀ ਦੇਣ ਵਾਲੇ ਦੋਵਾਂ ਨੂੰ ਕਹਿਣਾ ਕਿ ਉਹਨਾਂ ਦਾ ਕਰਤੱਵ ਹੈ ਕਿ ਹੌਂਸਲਾ ਵਿਖਾਉਣ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇੱਛਾ ਅਨੁਸਾਰ ਕੋਸ਼ਿਸ਼ ਇਹ ਕਰਨੀ ਚਾਹੀਦੀ ਹੈ ਕਿ ਆਪਸੀ ਪ੍ਰੇਮ ਅਤੇ ਭਾਈਚਾਰੇ ਦੀ ਮਿਸਾਲ ਬਣ ਜਾਣ ਅਤੇ ਇਹੀ ਰੱਬ ਨੇ ਮੋਮਿਨਾਂ ਬਾਰੇ ਫ਼ਰਮਾਇਆ ਹੈ। ਸੋ, ਨਿੱਕੀ ਨਿੱਕੀ ਗੱਲ੍ਹਾਂ ਉੱਤੇ ਉਲਝਣ ਦੀ ਥਾਂ ਕੋਸ਼ਿਸ਼ ਇਹ ਕਰੀਏ ਕਿ ਆਪਣੀ ਜ਼ਿੰਦਗੀ ਦੇ ਉਦੇਸ਼ ਨੂੰ ਪ੍ਰਾਪਤ ਕਰਨ ਦੀ ਅਸੀਂ ਕੋਸ਼ਿਸ਼ ਕਰੀਏ। ਜੋ ਰਕੂਅ, ਸਜਦੇ ਅਤੇ ਇਬਾਦਤਾਂ ਨਾਲ ਪ੍ਰਾਪਤ ਹੁੰਦਾ ਹੈ ਅਤੇ ਰੱਬ ਨੂੰ ਯਾਦ ਕਰਨ ਨਾਲ ਹੁੰਦਾ ਹੈ। ਹਰ ਮਹਿਮਾਨ ਜੋ ਇੱਥੇ ਆਇਆ ਹੈ। ਆਪਣੇ ਸਫ਼ਰ ਨੂੰ ਕੇਵਲ ਰੱਬ ਲਈ ਬਣਾਉਣ ਦੀ ਕੋਸ਼ਿਸ਼ ਕਰੇ। ਸੇਵਾਦਾਰ ਅਤੇ ਮਹਿਮਾਨ ਸਭ ਯਾਦ ਰੱਖਣ ਕਿ ਕੁੱਝ ਗੈਰ ਅਹਮਦੀ ਅਤੇ ਗੈਰ ਮੁਸਲਿਮ ਵੀ ਆਏ ਹੁੰਦੇ ਹਨ। ਜੇਕਰ ਉੱਚ ਆਚਰਣ ਦਾ ਪ੍ਰਕਟਾਵਾ ਕਰ ਰਹੇ ਹੋਣਗੇ ਤਾਂ ਇਹ ਚੁੱਪ ਚਾਪ ਕੀਤਾ ਜਾਣ ਵਾਲਾ ਪ੍ਰਚਾਰ ਹੋਵੇਗਾ ਅਤੇ ਇਸ ਦਾ ਗੈਰਾਂ ਉੱਤੇ ਬਹੁਤ ਚੰਗਾ ਪ੍ਰਭਾਵ ਪੈਂਦਾ ਹੈ ਅਤੇ ਉਹਨਾਂ ਨੂੰ ਇਸਲਾਮ ਵੱਲ੍ਹ ਧਿਆਨ ਪੈਦਾ ਹੁੰਦਾ ਹੈ ਅਤੇ ਉਹ ਇਸਲਾਮੀ ਸਿੱਖਿਆਵਾਂ ਦੀਆਂ ਖ਼ੂਬੀਆਂ ਤੋਂ ਪ੍ਰਭਾਵਿਤ ਹੁੰਦੇ ਹਨ।

ਇੱਕ ਜ਼ਰੂਰੀ ਚੀਜ਼ ਇਹ ਹੈ ਕਿ ਇੱਥੇ ਆਉਣ ਵਾਲੇ ਇੱਕ ਦੂਜੇ ਨੂੰ ਸਲਾਮ ਵੀ ਕਰਨ। ਬਹੁਤ ਬਰਕਤ ਵਾਲੀ ਅਤੇ ਪਵਿੱਤਰ ਦੁਆ ਸਾਨੂੰ ਸਿਖਲਾਈ ਗਈ ਹੈ। ਇਨ੍ਹਾਂ ਦਿਨਾਂ ਵਿੱਚ ਇੱਕ ਵੱਡੀ

ਤਬਦੀਲੀ ਆਪਣੀ ਜ਼ਿੰਦਗੀਆਂ ਵਿੱਚ ਪੈਦਾ ਕਰਨ ਦੀ ਕੋਸ਼ਿਸ਼ ਕਰੋ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਸਲਾਮ ਨੂੰ ਵਧਾਓ ਅਤੇ ਇਸ ਦੇ ਲਈ ਤੁਸੀਂ ਕਿਸੇ ਨੂੰ ਜਾਣਦੇ ਹੋ ਜਾਂ ਨਹੀਂ ਉਸ ਨੂੰ ਸਲਾਮ ਕਰੋ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇੱਕ ਕਿੱਸਾ ਆਪ ਨੂੰ ਦੱਸਣਾ। ਮੁਸਲਮਾਨਾਂ ਅਤੇ ਈਸਾਈਆਂ ਵਿੱਚ ਜੰਗੇ ਮੁਕਦਸ ਵਿੱਚ ਇੱਕ ਮੁਬਾਹਿਸਾ ਸੀ ਅਤੇ ਜਿੱਥੇ ਹਜ਼ਰਤ ਮਸੀਹ ਮੌਊਦ ਠਹਿਰੇ ਸਨ। ਉੱਥੇ ਮਹਿਮਾਨ ਬਹੁਤ ਹੋਣ ਕਰਕੇ ਪ੍ਰਬੰਧਕ ਆਪ ਲਈ ਖਾਣਾ ਰੱਖਣਾ ਭੁੱਲ ਗਏ। ਰਾਤ ਦਾ ਇੱਕ ਹਿੱਸਾ ਲੰਘ ਗਿਆ ਅਤੇ ਬਹੁਤ ਉਡੀਕ ਦੇ ਬਾਦ ਜੱਦ ਆਪ ਅਲੈਹਿ ਸਲਾਮ ਨੇ ਖਾਣੇ ਬਾਰੇ ਪੁੱਛਿਆ ਤਾਂ ਸਭ ਪ੍ਰਬੰਧਕ ਪਰੇਸ਼ਾਨ ਹੋ ਗਏ ਕਿ ਬਹੁਤ ਦੇਰ ਹੋ ਗਈ ਹੈ, ਖਾਣਾ ਵੀ ਰੱਖਿਆ ਨਹੀਂ ਹੈ ਅਤੇ ਬਾਜ਼ਾਰ ਵੀ ਬੰਦ ਹੋ ਗਏ ਹਨ। ਇਹ ਹਾਲਾਤ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਲਮ ਵਿੱਚ ਆਏ ਤਾਂ ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇੰਝ ਘਬਰਾਉਣ ਅਤੇ ਤਕਲੀਫ ਦੀ ਕੋਈ ਲੋੜ੍ਹ ਨਹੀਂ ਹੈ ? ਵੇਖੋ ਜੋ ਬਚਿਆ ਕੁਚਿਆ ਹੈ, ਉਹੀ ਲੈ ਆਓ। ਜੱਦ ਉੱਥੇ ਵੇਖਿਆ ਗਿਆ ਤਾਂ ਰੋਟੀਆਂ ਦੇ ਕੁੱਝ ਟੁਕੜੀਆਂ ਤੋਂ ਬਿਨਾਂ ਕੁੱਝ ਵੀ ਨਹੀਂ ਸੀ। ਸਬਜ਼ੀ ਆਦਿ ਵੀ ਨਹੀਂ ਸੀ। ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਸਾਡੇ ਲਈ ਇਹੀ ਕਾਫੀ ਹੈ ਅਤੇ ਆਪ ਅਲੈਹਿ ਸਲਾਮ ਨੇ ਉਹੀ ਖਾ ਲਿਆ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਸਭ ਤੋਂ ਵੱਡੇ ਆਸ਼ਿਕ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਸੁੰਨਤ ਉੱਤੇ ਅਮਲ ਕਰਨ ਵਾਲੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਹ ਨਮੂਨਾ ਸੀ। ਸੋ, ਸਾਨੂੰ ਵੀ ਜੋ ਆਪ ਅਲੈਹਿ ਸਲਾਮ ਦੀ ਜਮਾਤ ਵਿੱਚ ਸ਼ਾਮਿਲ ਹੋਣ ਦਾ ਦਾਅਵਾ ਕਰਦੇ ਹਨ। ਇਹ ਸਬਰ, ਹੌਂਸਲਾ, ਧੰਨਵਾਦ ਅਤੇ ਜਜ਼ਬਾਤ ਹਰ ਸਮੇਂ ਵਿਖਾਉਣ ਦੀ ਲੋੜ੍ਹ ਹੈ।

ਮੈਂ ਇਸ ਗੱਲ੍ਹ ਵੱਲ੍ਹ ਵੀ ਧਿਆਨ ਦੁਆਉਣਾ ਚਾਹੁਣਾ ਹਾਂ ਕਿ ਇਹਨਾਂ ਦਿਨਾਂ ਵਿੱਚ ਵੱਖੋ ਵੱਖ ਕਿਸਮ ਦੀਆਂ ਨੁਮਾਇਸ਼ਾਂ ਲੱਗਿਆ ਹੋਈਆਂ ਹਨ। ਇਹਨਾਂ ਨੂੰ ਜ਼ਰੂਰ ਵੇਖੋ।

ਇਨ੍ਹਾਂ ਦਿਨਾਂ ਵਿੱਚ Security ਵੱਲ੍ਹ ਖਾਸ ਧਿਆਨ ਦਿਓ। ਸਭ ਤੋਂ ਵੱਧ ਕੇ Security ਸਾਡੀ ਇਹੀ ਹੈ ਕਿ ਆਪਣੇ ਸੱਜੇ ਖੱਬੇ ਨਜ਼ਰ ਰੱਖਣ। ਪਰ ਸਭ ਤੋਂ ਵੱਡਾ ਹਥਿਆਰ ਸਾਡੇ ਕੋਲ੍ਹ ਰੱਬ ਦੀ ਪਨਾਹ ਹੈ ਅਤੇ ਇਸ ਪਨਾਹ ਨੂੰ ਪ੍ਰਾਪਤ ਕਰਨ ਲਈ ਖਾਸ ਤੌਰ ਉੱਤੇ ਇਨ੍ਹਾਂ ਦਿਨਾਂ ਵਿੱਚ ਦੁਆਵਾਂ ਅਤੇ ਰੱਬ ਨੂੰ ਯਾਦ ਕਰਨ ਵੱਲ੍ਹ ਜ਼ੋਰ ਦੇਣਾ ਚਾਹੀਦਾ ਹੈ। ਰੱਬ ਆਪ ਸਭ ਨੂੰ ਤੌਫ਼ੀਕ ਬਖਸ਼ੇ ਕਿ ਇਸ ਉੱਤੇ ਅਮਲ ਕਰਨ ਵਾਲੇ ਹੋਈਏ ਅਤੇ ਇਹ ਜਲਸਾ ਹਰ ਇੱਕ ਲਈ ਬਰਕਤਾਂ ਵਾਲਾ ਹੋਵੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ